# ਕੋਟਕ ਕਾਰਪੋਰੇਟ ਅਤੇ ਟ੍ਰੈਵਲ ਏਜੰਟ ਕ੍ਰੈਡਿਟ ਕਾਰਡ – ਸਭ ਤੋਂ ਮਹੱਤਵਪੂਰਣ ਨਿਯਮ ਅਤੇ ਸ਼ਰਤਾਂ (ਐਮਆਈਟੀਸੀ)

- ਕ੍ਰੈਡਿਟ ਅਤੇ ਨਕਦੀ ਨਿਕਾਸੀ ਲਿਮਟਾਂ
- ਫ਼ੀਸ ਅਤੇ ਵਸੂਲੀਆਂ
- ਬਿਲਿੰਗ ਵਿਵਾਦ ਸਮਾਧਾਨ
- ਡਿਫ਼ਾਲਟ
- ਹਾਨੀ/ਕਾਰਡ ਚੋਰੀ ਹੋਣਾ
- ਬਿੱਲ ਦੇ ਭੁਗਤਾਨ ਲਈ ਤੁਹਾਡੀ ਗਾਈਡ
- ਗਾਹਕ ਸੰਪਰਕ ਕੇਂਦਰ
- ਸ਼ਿਕਾਇਤ ਨਿਵਾਰਣ/ਸ਼ਿਕਾਇਤਾਂ / ਤੇਜ਼ੀ
- ਕਾਰਡਧਾਰਕਪੁਣੇ ਦੀ ਸਮਾਪਤੀ/ਰੱਦ ਕਰਨਾ
- ਪ੍ਰਕਟੀਕਰਣ

ਐਮਆਈਟੀਸੀ ਬੈਂਕ ਰਾਹੀਂ ਸਮੇਂ ਸਮੇਂ ਸਿਰ ਸੋਧ ਅਧੀਨ ਹੈ। ਐਮਆਈਟੀਸੀ ਦਾ ਨਵੀਨਤਮ ਸੰਸਕਰਣ ਅਤੇ ਬੈਂਕ ਦਾ ਕਾਰਡਧਾਰਕ ਇਕਰਾਰਨਾਮਾ ਪ੍ਰਾਪਤ ਕਰਨ ਲਈ, ਕਿਰਪਾ ਕਰਕੇ www.kotak.com ’ਤੇ ਜਾਉ

**ਕ੍ਰੈਡਿਟ ਅਤੇ ਨਕਦੀ ਨਿਕਾਲਣ ਦੀਆਂ ਲਿਮਟਾਂ**

ਕ੍ਰੈਡਿਟ ਲਿਮਟ ਦਾ ਅਰਥ ਹੈ ਉਹ ਅਧਿਕਤਮ ਲਿਮਟ ਜਿਸ ਤੱਕ ਤੁਹਾਨੂੰ ਆਪਣੇ ਕ੍ਰੈਡਿਟ ਕਾਰਡ ’ਤੇ ਖ਼ਰਚ ਕਰਨ ਦਾ ਅਧਿਕਾਰ ਹੁੰਦਾ ਹੈ। ਕ੍ਰੈਡਿਟ ਅਤੇ ਨਕਦੀ ਨਿਕਾਸੀ ਲਿਮਟ ਬਾਰੇ ਤੁਹਾਨੂੰ ਕਾਰਡ ਦੀ ਡਿਲਿਵਰੀ ਦੇਣ ਵੇਲੇ ਦੱਸਿਆ ਜਾਏਗਾ ਅਤੇ ਇਹ ਮਾਸਿਕ ਸਟੇਟਮੈਂਟਾਂ ਵਿੱਚ ਵੀ ਦਰਸਾਏ ਜਾਣਗੇ। ਨਕਦੀ ਲਿਮਟ ਤੁਹਾਡੀ ਕ੍ਰੈਡਿਟ ਲਿਮਟ ਦੇ ਸਬਸੈਟ ਵੀ ਬਣਾਉਂਦੇ ਹਨ। ਬੈਂਕ ਤੁਹਾਡੇ ਕਾਰਡ ਖਾਤੇ ਦੀ ਸਮੇਂ ਸਮੇਂ ਸਮੀਖਿਆ ਕਰੇਗਾ ਅਤੇ ਪਹਿਲਾਂ ਸੂਚਿਤ ਕੀਤੇ ਬਗੈਰ ਹੀ ਅੰਦਰੂਨੀ ਮਾਪਦੰਡ ਦੇ ਆਧਾਰ ’ਤੇ ਤੁਹਾਡੀ ਕ੍ਰੈਡਿਟ ਅਤੇ ਨਕਦੀ ਸੀਮਾ ਨੂੰ ਘੱਟ ਕਰ ਸਕਦਾ ਹੈ।

**ਸਰਵਿਸ/ ਸੁਵਿਧਾ ਦੀਆਂ ਬੰਦਸ਼ਾਂ**

ਕਿਰਪਾ ਕਰਕੇ ਨੋਟ ਕਰੋ ਕਿ ਕਾਰਪੋਰੇਟ ਕ੍ਰੈਡਿਟ ਕਾਰਡ ਅਤੇ ਪ੍ਰਚੇਜ਼ ਕ੍ਰੈਡਿਟ ਕਾਰਡ ’ਤੇ ਬਕਾਇਆ ਸਥਾਨੰਤਰ/ ਕਾਲ ’ਤੇ ਈਐਮਆਈ/ ਮਰਚੈਂਟ ਈਐਮਆਈ/ ਐਡ–ਔਨ ਕਾਰਡ/ ਨਿੱਜੀ ਲੋਨ ਦੀ ਸੁਵਿਧਾ ਨਹੀਂ ਹੈ।

**ਬਿੱਲ ਦੇ ਭੁਗਤਾਨ ਲਈ ਤੁਹਾਡੀ ਗਾਈਡ**

**ਤੁਹਾਡੀ ਸਟੇਟਮੈਂਟ**

ਬੈਂਕ ਮਹੀਨੇ ਲਈ ਭੁਗਤਾਨਾਂ ਅਤੇ ਟ੍ਰਾਂਜ਼ੈਕਸ਼ਨਾਂ ਨੂੰ ਦਰਸਾਉਣ ਵਾਲੀ ਇੱਕ ਮਾਸਿਕ ਸਟੇਟਮੈਂਟ ਤੁਹਾਨੂੰ ਭੇਜੇਗਾ। ਜੇਕਰ ਬਕਾਇਆ ਰਾਸ਼ੀ ₹100 ਤੋਂ ਘੱਟ ਹੁੰਦੀ ਹੈ ਅਤੇ ਕਾਰਡ ਖ਼ਾਤੇ ’ਤੇ ਕੋਈ ਵੀ ਟ੍ਰਾਂਜ਼ੈਕਸ਼ਨ ਨਾ ਕੀਤੀ ਗਈ ਹੋਵੇ ਤਾਂ ਕੋਈ ਵੀ ਸਟੇਟਮੈਂਟ ਭੇਜੀ/ਤਿਆਰ ਨਹੀਂ ਕੀਤੀ ਜਾਏਗੀ। ਬੈਂਕ ਤੁਹਾਨੂੰ ਤੁਹਾਡੇ ਰਾਹੀਂ ਬੈਂਕ ਨੂੰ ਦਿੱਤੇ ਗਏ ਈ-ਮੇਲ ਪਤੇ ਅਨੁਸਾਰ ਈ-ਮੇਲ ’ਤੇ ਤੁਹਾਨੂੰ ਈ-ਸਟੇਟਮੈਂਟ ਭੇਜੇਗਾ। ਬੈਂਕ ਕਾਰਪੋਰੇਟ ਦੇ ਕਰਮਚਾਰੀਆਂ ਨੂੰ ਜਾਰੀ ਕੀਤੇ ਗਏ ਹਰੇਕ ਕਾਰਡ ਖ਼ਾਤੇ ਦੀ ਕੁੱਲ ਬਕਾਇਆ ਰਾਸ਼ੀ ਨੂੰ ਦਰਸਾਉਂਦੇ ਹੋਏ, ਤੁਹਾਡੇ ਕਾਰਪੋਰੇਟ ਨੂੰ ਇੱਕ ਸੰਚਿਤ ਸਟੇਟਮੈਂਟ ਵੀ ਭੇਜੇਗਾ। ਸਟੇਟਮੈਂਟ ਦਾ ਪ੍ਰਾਪਤ ਨਾ ਹੋਣਾ ਕਾਰਡਧਾਰਕ ਦੇ ਇਕਰਾਰਨਾਮੇ ਤਹਿਤ ਤੁਹਾਡੇ ਫ਼ਰਜ਼ਾਂ ਅਤੇ ਜੁਆਬਦੇਹੀਆਂ ਨੂੰ ਪ੍ਰਭਾਵਿਤ ਨਹੀਂ ਕਰੇਗਾ ਅਤੇ ਤੁਸੀਂ ਭੁਗਤਾਨ ਦੀ ਬਕਾਇਆ ਮਿਤੀ ਤੋਂ ਪਹਿਲਾਂ ਘੱਟੋ ਘੱਟ ਬਕਾਇਆ ਰਾਸ਼ੀ ਰੱਖਣ ਲਈ ਜੁਆਬਦੇਹ ਹੋਵੋਗੇ।


**ਭੁਗਤਾਨ**

1) **ਸਥਾਈ ਹਿਦਾਇਤਾਂ ਰਾਹੀਂ ਭੁਗਤਾਨ (ਆਟੋ ਡੈਬਿਟ)**
ਜੇਕਰ ਕਾਰਡਧਾਰਕ ਦਾ ਬੈਂਕ ਵਿੱਚ ਇੱਕ ਬੱਚਤ/ਚਾਲੂ ਖ਼ਾਤਾ ਹੋਵੇ, ਤਾਂ ਉਹ ਭੁਗਤਾਨ ਦੀ ਬਕਾਇਆ ਮਿਤੀ ’ਤੇ ਹਰ ਮਹੀਨੇ ਅਜਿਹੇ ਖਾਤੇ ਤੋਂ ਭੁਗਤਾਨ ਨੂੰ ਡੈਬਿਟ ਕਰਨ ਲਈ ਲਿਖਤੀ ਰੂਪ ਵਿੱਚ ਸਥਾਈ ਹਿਦਾਇਤ ਦੇਣ ਰਾਹੀਂ ਬੱਚਤ/ਚਾਲੂ ਖਾਤੇ ਰਾਹੀਂ ਸਿੱਧਾ ਭੁਗਤਾਨ ਕਰ ਸਕਦਾ ਹੈ।

2) **ਕਿਸੇ ਹੋਰ ਬੈਂਕ ਕੋਲੋਂ ਤੁਹਾਡੇ ਬੱਚਤ ਖਾਤੇ ਤੋ ਔਨਲਾਈਨ ਭੁਗਤਾਨਾਂ ਲਈ:** ਕ੍ਰੈਡਿਟ ਕਾਰਡ ਦੇ ਬਕਾਇਆਂ ਦਾ ਭੁਗਤਾਨ ਇਲੈਕਟ੍ਰਾਨਿਕ ਤਰੀਕੇ ਨਾਲ ਨੈਟ ਬੈਂਕਿੰਗ ਰਾਹੀਂ ਹੋਰ ਬੈਂਕ ਦੇ ਤੁਹਾਡੇ ਕਿਸੇ ਵੀ ਖ਼ਾਤੇ/ਖ਼ਾਤਿਆਂ ਤੋਂ ਵੀ ਕੀਤਾ ਜਾ ਸਕਦਾ ਹੈ ਜੇਕਰ ਤੁਹਾਡੇ ਬੈਂਕ ਵਿੱਚ ਐਨਈਐਫ਼ਟੀ (ਨੈਸ਼ਨਲ ਇਲੈਕਟ੍ਰਾਨਿਕ ਫ਼ੰਡ ਟ੍ਰਾਂਸਫ਼ਰ) ਦੀ ਸੁਵਿਧਾ ਹੋਵੇ.

3) **ਸ਼ਾਖਾਵਾਂ ਵਿੱਚ ਨਕਦੀ ਰਾਹੀਂ ਭੁਗਤਾਨ:** ਕਾਰਡਧਾਰਕ ਬੈਂਕ ਦੇ ਕੰਮਕਾਜ਼ੀ ਘੰਟਿਆਂ ਦੌਰਾਨ ਨਿਰਧਾਰਿਤ ਥਾਵਾਂ ’ਤੇ ਨਕਦੀ ਜਮ੍ਹਾਂ ਕਰਾਉਣ ਰਾਹੀਂ ਬਿੱਲ ਦਾ ਭੁਗਤਾਨ ਕੀਤਾ ਜਾ ਸਕਦਾ ਹੈ।

4) **ਚੈਕ ਜਾਂ ਡਿਮਾਂਡ ਡ੍ਰਾਫ਼ਟ ਰਾਹੀਂ ਭੁਗਤਾਨ:** ‘‘ਕੋਟਕ ਮਹਿੰਦਰਾ ਬੈਂਕ ਕ੍ਰੈਡਿਟ ਕਾਰਡ XXXX XXXX XXXX XXXX’’ ਅਤੇ ਪਾਰਟਲ ਡਰੌਪ ਬੌਕਸਾਂ ਦੇ ਹੱਕ ਵਿੱਚ ਇੱਕ ਚੈਕ ਜਾਂ ਡ੍ਰਾਫ਼ਟ ਬਣਾਉ। ਡਰੌਪ ਬਾਕਸਾਂ ਦੀ ਸੂਚੀ ਨੂੰ ਦੇਖਣ ਲਈ, www.kotak.com ’ਤੇ ਜਾਉ।




ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਅਤੇ ਭੁਗਤਾਨ ਦੀਆਂ ਦੂਜੀਆਂ ਵਿਧੀਆਂ ਜਿਵੇਂ ਕ੍ਰੈਡਿਟ ਕਾਰਡ ਪੇਮੈਂਟ, ਇੰਟਰ ਬੈਂਕ ਮੋਬਾਇਲ ਪੇਮੈਂਟ ਸਰਵਿਸਿਜ਼ ਬਾਰੇ ਹੋਰ ਜਾਣਨ ਲਈ, www.kotak.com ’ਤੇ ਜਾਉ।

**ਫ਼ੀਸ ਅਤੇ ਖ਼ਰਚੇ:**

ਸਾਰੀਆਂ ਫ਼ੀਸਾਂ ਅਤੇ ਖ਼ਰਚੇ ਬੈਂਕ ਰਾਹੀਂ ਸਮੇਂ-ਸਮੇਂ ਸਿਰ ਕੀਤੇ ਜਾਣ ਵਾਲੇ ਸੰਸ਼ੋਧਨ ਤਹਿਤ ਆਉਂਦੇ ਹਨ। ਉਗਰਾਹੀ ਜਾਣ ਵਾਲੀ ਫ਼ੀਸ ਅਤੇ ਖ਼ਰਚਿਆਂ ਵਿੱਚ ਕੋਈ ਵੀ ਤਬਦੀਲੀਆਂ ਕਰਨ ਤੋਂ 30 ਦਿਨ ਪਹਿਲਾਂ ਬੈਂਕ ਇੱਕ ਅਗੇਤਾ ਨੋਟਿਸ ਭੇਜੇਗਾ। ਬੈਂਕ ਕੋਲ, ਤੁਹਾਨੂੰ ਸੂਚਿਤ ਕਰਨ ਦੇ ਨਾਲ, ਕੋਈ ਵੀ ਨਵੀਂ ਫ਼ੀਸ ਜਾਂ ਖ਼ਰਚੇ ਲਗਾਉਣ ਦਾ ਅਧਿਕਾਰ ਵੀ ਰਾਖ਼ਵਾਂ ਹੈ, ਜਿਵੇਂ ਇਹ ਉਚਿਤ ਸਮਝਦਾ ਹੋਵੇ।

## A. ਜੁਆਇਨਿੰਗ ਫ਼ੀਸ ਅਤੇ ਸਾਲਾਨਾ ਫ਼ੀਸ:

| ਕੋਟਕ ਮਹਿੰਦਰਾ ਬੈਂਕ ਕਾਰਡ ਵੇਰੀਐਂਟ | ਜੁਆਇਨਿੰਗ ਫ਼ੀਸ | ਸਾਲਾਨਾ ਫ਼ੀਸ |
|---|---|---|
| ਟ੍ਰੈਵਲ ਏਜੰਟ ਕ੍ਰੈਡਿਟ ਕਾਰਡ | ਕੋਈ ਨਹੀਂ | ₹ 999* |
| ਬੇਸਿਕ ਕਾਰਪੋਰੇਟ ਕ੍ਰੈਡਿਟ ਕਾਰਡ | ਕੋਈ ਨਹੀਂ | ਕੋਈ ਨਹੀਂ |
| ਕਲਾਸਿਕ ਕਾਰਪੋਰੇਟ ਕ੍ਰੈਡਿਟ ਕਾਰਡ | ਕੋਈ ਨਹੀਂ | ₹ 1000* |
| ਪ੍ਰਿਵੀ ਲੀਗ ਪਲੈਟੀਨਮ ਕਾਰਪੋਰੇਟ ਕ੍ਰੈਡਿਟ ਕਾਰਡ | ਕੋਈ ਨਹੀਂ | ਕੋਈ ਨਹੀਂ |
| ਕਾਰਪੋਰੇਟ ਪਲੈਟੀਨਮ ਕ੍ਰੈਡਿਟ ਕਾਰਡ | ਕੋਈ ਨਹੀਂ | ₹ 999* |
| ਕਾਰਪੋਰੇਟ ਵੈਲਥ ਸਿਗਨੇਚਰ ਕ੍ਰੈਡਿਟ ਕਾਰਡ | ਕੋਈ ਨਹੀਂ | ਕੋਈ ਨਹੀਂ |
| ਪ੍ਰਚੇਜ਼ ਕਾਰਡ | ਕੋਈ ਨਹੀਂ | ਕੋਈ ਨਹੀਂ |

## B. ਵਿੱਤ ਖ਼ਰਚੇ:

| ਕੋਟਕ ਮਹਿੰਦਰਾ ਬੈਂਕ ਕਾਰਡ ਵੇਰੀਐਂਟ | ਵਿਆਜ਼ ਦੀਆਂ ਵਸੂਲੀਆਂ | | ਏਟੀਐਮ ਨਕਦੀ ਨਿਕਾਸੀ ਇੱਕ ਡ੍ਰਾਫ਼ਟ/ਫ਼ੰਡ ਟ੍ਰਾਂਸਫ਼ਰ ਨੂੰ ਕਾਲ ਕਰਨਾ ਪ੍ਰਤੀ 10,000 ਜਾਂ ਇਸ ਦੇ ਹਿੱਸੇ ਵਜੋਂ ਨਕਦੀ ਐਡਵਾਂ | |
|---|---|---|---|---|
| | ਮਾਸਿਕ ਦਰ | ਸਾਲਾਨਾ ਦਰ (ਏਪੀਆਰ) | ਨਿਕਾਸੀ ਫ਼ੀਸ | ਸਾਲਾਨਾ ਦਰ (ਏਪੀਆਰ) |
| ਟ੍ਰੈਵਲ ਏਜੰਟ ਕ੍ਰੈਡਿਟ ਕਾਰਡ | 1.49% | 17.88% | ਕੋਈ ਨਹੀਂ | ਕੋਈ ਨਹੀਂ |
| ਬੇਸਿਕ ਕਾਰਪੋਰੇਟ ਕ੍ਰੈਡਿਟ ਕਾਰਡ | 3.30% | 39.60% | ਕੋਈ ਨਹੀਂ | ਕੋਈ ਨਹੀਂ |
| ਕਲਾਸਿਕ ਕਾਰਪੋਰੇਟ ਕ੍ਰੈਡਿਟ ਕਾਰਡ | 3.30% | 39.60% | ਕੋਈ ਨਹੀਂ | ਕੋਈ ਨਹੀਂ |
| ਪ੍ਰਿਵੀ ਲੀਗ ਪਲੈਟੀਨਮ ਕਾਰਪੋਰੇਟ ਕ੍ਰੈਡਿਟ ਕਾਰਡ | 3.10% | 37.20% | ਕੋਈ ਨਹੀਂ | ਕੋਈ ਨਹੀਂ |
| ਕਾਰਪੋਰੇਟ ਵੈਲਥ ਸਿਗਨੇਚਰ ਕ੍ਰੈਡਿਟ ਕਾਰਡ | 3.10% | 37.20% | ਕੋਈ ਨਹੀਂ | ਕੋਈ ਨਹੀਂ |
| ਕਾਰਪੋਰੇਟ ਪਲੈਟੀਨਮ ਕ੍ਰੈਡਿਟ ਕਾਰਡ | 3.30% | 39.60% | ਕੋਈ ਨਹੀਂ | ਕੋਈ ਨਹੀਂ |
| ਪ੍ਰਚੇਜ਼ ਕਾਰਡ | 3.30% | 39.60% | ਕੋਈ ਨਹੀਂ | ਕੋਈ ਨਹੀਂ |

## C. ਹੋਰ ਖ਼ਰਚੇ:

| | | |
|---|---|---|
| ਦੇਰੀ ਨਾਲ ਭੁਗਤਾਨ ਲਈ ਵਸੂਲੀਆਂ (''ਐਲਪੀਸੀ'') | ਅੰਤਿਮ ਸਟੇਟਮੈਂਟ ਅਨੁਸਾਰ ਬਕਾਇਆ | ਐਲਪੀਸੀ ਵਸੂਲੀਆਂ |
| | ₹ 100 - 500 | ₹ 100 |
| | ₹ 500.01 - 5000 | ₹ 500 |
| | ₹ 5000.01 - 10000 | ₹ 500 |
| | ₹ 10000+ | ₹ 700 |
| ਨਿਊਨਤਮ ਬਕਾਇਆ ਰਾਸ਼ੀ (''ਐਮਏਡੀ'') | 20% | |
| ਓਵਰ ਲਿਮਟ ਵਸੂਲੀਆਂ | ਕੋਈ ਨਹੀਂ | |
| ਰਿਟਰਨਡ ਚੈਕ | ₹500 (ਲਾਗੂ ਦਰ ਦੇ ਅਨੁਸਾਰ) | |
| ਵਿਦੇਸ਼ੀ ਟ੍ਰਾਂਜ਼ੈਕਸ਼ਨ ਮਾਰਕ ਅੱਪ | 3.50%* | |
| ਰੇਲਵੇ ਬੁਕਿੰਗ ਸਰਚਾਰਜ਼ (ਲਾਗੂ ਦਰ ਦੇ ਅਨੁਸਾਰ)** | ਲਾਗੂ – ਟ੍ਰੈਵਲ ਏਜੰਟ, ਕਾਰਪੋਰੇਟ ਬੇਸਿਕ ਅਤੇ ਕਾਰਪੋਰੇਟ ਕਲਾਸਿਕ | |
| | ਮੁਆਫ਼ – ਪ੍ਰਿਵੀ ਲੀਗ ਪਲੈਟੀਨਮ / ਕੋਟਕ ਵੈਲਥ ਸਿਗਨੇਚਰ ਕਾਰਡ/ ਕਾਰਪੋਰੇਟ ਪਲੈਟੀਨਮ/ ਪ੍ਰਚੇਜ਼ ਕਾਰਡ | |
| ਟ੍ਰਾਂਜ਼ੈਕਸ਼ਨ ਰਾਸ਼ੀ 'ਤੇ ਈਂਧਨ ਸਰਚਾਰਜ਼ (₹10 ਦੀ ਨਿਊਨਤਮ ਰਾਸ਼ੀ ਤਹਿਤ)*** (ਲਾਗੂ ਦਰ ਦੇ ਅਨੁਸਾਰ) | ਲਾਗੂ – ਬੇਸਿਕ ਕਾਰਪੋਰੇਟ | |
| | ਮੁਆਫ਼ – ਟ੍ਰੈਵਲ ਏਜੰਟ, ਕਾਰਪੋਰੇਟ ਕਲਾਸਿਕ, ਪ੍ਰਿਵੀ ਲੀਗ ਪਲੈਟੀਨਮ/ ਕੋਟਕ ਵੈਲਥ ਸਿਗਨੇਚਰ ਕਾਰਪੋਰੇਟ ਕਾਰਡ/ ਕਾਰਪੋਰੇਟ ਪਲੈਟੀਨਮ/ ਪ੍ਰਚੇਜ਼ ਕਾਰਡ | |

| | |
|---|---|
| ਸ਼ਾਖ਼ਾ 'ਤੇ ਨਕਦੀ ਭੁਗਤਾਨ ਫ਼ੀਸ | ₹ 100* |
| ਐਡ-ਔਨ ਕਾਰਡ ਫ਼ੀਸ | ਕੋਈ ਨਹੀਂ |
| ਵੀਜ਼ਾ ਰਾਹੀਂ ਪ੍ਰੀਭਾਸ਼ਿਤ ਕੀਤੇ ਅਨੁਸਾਰ ਉਪਯੋਗਿਤ ਬਿੱਲਾਂ ਅਤੇ ਬੀਮਾ ਭੁਗਤਾਨਾਂ 'ਤੇ ਟ੍ਰਾਂਜੈਕਸ਼ਨ ਫ਼ੀਸ | ਪਾਣੀ/ ਬਿਜਲੀ/ਪਾਈਪਨੁਮਾ ਗੈਸ ਬਿੱਲ – 1.1% |
| | ਬੀਮਾ 1.1% |
| | ਡਾਕਘਰ/ ਸਿੱਖਿਆ/ ਸੁਪਰਮਾਰਕੀਟ – 0.7% |
| ਵੈਬ ਭੁਗਤਾਨ ਸੇਵਾ ਫ਼ੀਸ | ਛੋਟ (10 ਜਨਵਰੀ 2014 ਤੋਂ ਲਾਗੂ) |
| ਕਾਰਡ ਰੀਪਲੇਸਮੈਂਟ ਫ਼ੀਸ (ਗੁੰਮ ਹੋਏ ਅਤੇ ਖ਼ਰਾਬ ਕਾਰਡ) | ਛੋਟ |
| ਬਿਨੈਕਾਰ ਲਈ ਕ੍ਰੈਡਿਟ ਇਨਫ਼ਾਰਮੇਸ਼ਨ ਰਿਪੋਰਟ (ਸੀਆਈਬੀਆਈਐਲ) ਦੀ ਇੱਕ ਕਾਪੀ ਦੇਣ ਲਈ ਵਸੂਲੀਆਂ | ₹ 50* ਪ੍ਰਤੀ ਕਿਰਿਆ |
| ਬਿੱਲ ਭੁਗਤਾਨ (ਉਪਯੋਗਿਤਾ ਭੁਗਤਾਨ) | ਉਪਯੋਗਿਤਾ ਭੁਗਤਾਨਾਂ ਦਾ 0.8% |

*ਤੁਹਾਡੇ ਕ੍ਰੈਡਿਟ ਕਾਰਡ 'ਤੇ ਬਣਦਾ ਸਾਰਾ ਵਿਆਜ਼, ਫ਼ੀਸ ਅਤੇ ਦੂਜੇ ਖ਼ਰਚਿਆਂ 'ਤੇ ਲਾਗੂ ਕੀਤੇ ਅਨੁਸਾਰ ਸਰਕਾਰੀ ਟੈਕਸ (ਸੇਵਾ ਕਰ, ਜੀਐਸਟੀ, ਸਮੇਂ ਸਮੇਂ ਸਿਰ ਲਾਗੂ ਹੋਣ ਵਾਲੇ ਕੋਈ/ਸਾਰੇ ਲਾਗੂ ਕਰ) ਵਸੂਲ ਕੀਤੇ ਜਾਣਗੇ। **ਸਥਾਈ ਹਿਦਾਇਤ (ਆਟੋ ਡੈਬਿਟ, ਐਨਏਸੀਐਚ ਅਤੇ ਈਸੀਐਸ) **ਇੱਕ ਕੈਲੰਡਰ ਸਾਲ ਵਿੱਚ ਅਧਿਕਤਮ 500 ਰੁਪਏ ਦੀ ਰੇਲਵੇ ਸਰਚਾਰਜ਼ ਛੋਟ। ** ਕੇਵਲ ₹ 500-ਮ 3,000 ਦੇ ਮੁੱਲਾਂ ਵਿਚਕਾਰਲੀਆਂ ਲਈ ਟ੍ਰਾਂਜੈਕਸ਼ਨਾਂ ਲਈ ਈਂਧਨ ਸਰਚਾਰਜ਼ ਲਈ ਛੋਟ ਦਿੱਤੀ ਜਾਣੀ ਹੈ। **ਇੱਕ ਕੈਲੰਡਰ ਸਾਲ ਵਿੱਚ ਅਧਿਕਤਮ ₹3,500 ਰੁਪਏ ਦੀ ਈਂਧਨ ਸਰਚਾਰਜ਼ ਛੋਟ।

^ ਉਪਯੋਗਿਤਾ ਬਿੱਲ ਭੁਗਤਾਨਾਂ 'ਤੇ ਟ੍ਰਾਂਜੈਕਸ਼ਨ ਫ਼ੀਸ ਦੀਆਂ ਕੈਲਕੁਲੇਸ਼ਨਾਂ 'ਤੇ ਵਿਆਖ਼ਿਆ

ਸਟੇਟਮੈਂਟ ਦੀ ਮਿਤੀ – 1 ਦਸੰਬਰ

ਭੁਗਤਾਨ ਦੀ ਬਕਾਇਆ ਮਿਤੀ – 19 ਦਸੰਬਰ

ਬਿਜਲੀ ਦੇ ₹2,000 ਬਿੱਲ ਦਾ ਭੁਗਤਾਨ ਕਰਨ ਲਈ 16 ਨਵੰਬਰ ਨੂੰ ਟ੍ਰਾਂਜੈਕਸ਼ਨ ਕੀਤੀ ਗਈ ਸੀ। 20 ਨਵੰਬਰ ਨੂੰ ਬੀਮੇ ਲਈ 3000 ਅਤੇ 25 ਨਵੰਬਰ ਨੂੰ ਕਰਿਆਨੇ ਦੇ ਸਟੋਰਾਂ ਲਈ ₹5,000 ਅਤੇ ਟੈਲੀਫ਼ੋਨ ਬਿੱਲ ਲਈ ₹10000:

**ਵਸੂਲ ਕੀਤੀ ਗਈ ਟ੍ਰਾਂਜੈਕਸ਼ਨ ਫ਼ੀਸ ਇਸ ਪ੍ਰਕਾਰ ਹੋਵੇਗੀ:**

| ਟ੍ਰਾਂਜੈਕਸ਼ਨ ਦੀ ਮਿਤੀ | ਪੋਸਟਿੰਗ ਦੀ ਮਿਤੀ | ਵਿਵਰਣ | ਜਿੰਨੇ ਦਿਨਾਂ ਲਈ ਆਯੋਜਿਤ ਕੀਤਾ ਗਿਆ | ਵਸੂਲ ਕੀਤੇ ਜਾਣ ਵਾਲੀ ਟ੍ਰਾਂਜੈਕਸ਼ਨ ਫ਼ੀਸ |
|---|---|---|---|---|
| 16 ਨਵੰਬਰ | 16 ਨਵੰਬਰ | ਉਪਯੋਗਿਤਾ ਬਿੱਲ ਦੇ ਭੁਗਤਾਨ 'ਤੇ ਟ੍ਰਾਂਜੈਕਸ਼ਨ ਫ਼ੀਸ | 33 ਦਿਨ (16 ਨਵੰਬਰ – 19 ਦਸੰਬਰ) | (33*0.04%*2000) = ₹ 26.40 |
| 20 ਨਵੰਬਰ | 20 ਨਵੰਬਰ | ਉਪਯੋਗਿਤਾ ਬਿੱਲ ਦੇ ਭੁਗਤਾਨ 'ਤੇ ਟ੍ਰਾਂਜੈਕਸ਼ਨ ਫ਼ੀਸ | 29 ਦਿਨ (20 ਨਵੰਬਰ – 19 ਦਸੰਬਰ) | (29*0.036%*3000) = ₹ 31.32 |
| TAD = 2000 + 24.20 + 3000 + 31.32 + 5000 + 10000 = 20057.72 | | | | |

* ਇਹ ਮੰਨਦੇ ਹੋਏ ਕਿ ਸਾਰੀਆਂ ਟ੍ਰਾਂਜੈਕਸ਼ਨਾਂ ਨੂੰ ਸਮਾਨ ਦਿਨ 'ਤੇ ਤੈਅ ਕੀਤਾ ਗਿਆ ਹੈ ਜਦੋਂ ਟ੍ਰਾਂਜੈਕਸ਼ਨ ਪੂਰੀ ਕੀਤੀ ਗਈ

**ਵਿਆਜ਼ ਮੁਕਤ ਅਵਧੀ:**

ਬਿਲਿੰਗ ਸਾਈਕਲ ਦੀ ਮਿਤੀ ਦੇ ਸ਼ੁਰੂ ਹੋਣ ਤੋਂ ਵਿਆਜ਼ ਮੁਕਤ ਅਵਧੀ 48 ਦਿਨ ਤੋਂ ਵੱਧ ਨਹੀਂ ਹੋਵੇਗੀ। 5 ਮਈ 2014 ਤੋਂ ਲਾਗੂ: ਤੁਹਾਡੇ ਕਾਰਡ 'ਤੇ ਭੁਗਤਾਨ ਦੀ ਬਕਾਇਆ ਮਿਤੀ ਸਟੇਟਮੈਂਟ ਦੀ ਮਿਤੀ ਤੋਂ 18 ਅਤੇ 21 ਦਿਨਾਂ ਦੇ ਵਿਚਕਾਰ ਹੋ ਸਕਦੀ ਹੈ (ਆਪਣੀ ਅਸਲ ਭੁਗਤਾਨ ਬਕਾਇਆ ਮਿਤੀ ਲਈ ਕਿਰਪਾ ਕਰਕੇ ਆਪਣੀ ਸਟੇਟਮੈਂਟ ਦੀ ਮਿਤੀ ਦੀ ਜਾਂਚ ਕਰੋ)। ਇਸ ਲਈ ਤੁਹਾਡੇ ਭੁਗਤਾਨ ਦੀ ਬਕਾਇਆ ਮਿਤੀ ਦੇ ਆਧਾਰ 'ਤੇ ਮੁਫ਼ਤ ਕ੍ਰੈਡਿਟ ਅਵਧੀ ਦੀ ਰੇਂਜ 18-18 ਦਿਨਾਂ ਤੋਂ ਲੈ ਕੇ 21-51 ਦਿਨ ਤੱਕ ਹੋ ਸਕਦੀ ਹੈ।

**ਵਿਆਜ਼ ਰਹਿਤ ਅਵਧੀ ਦੀ ਕੈਲਕੁਲੇਸ਼ਨ ਲਈ ਵਿਆਖਿਆਤਮਿਕ ਉਦਾਹਰਣ:**

11 ਅਪ੍ਰੈਲ ਤੋਂ 10 ਮਈ ਤੱਕ ਦੀ ਅਵਧੀ ਲਈ ਇੱਕ ਸਟੇਟਮੈਂਟ ਲਈ ਭੁਗਤਾਨ ਦੀ ਬਕਾਇਆ ਮਿਤੀ 28 ਮਈ ਹੈ। ਇਹ ਕਲਪਨਾ ਕਰਕੇ ਕਿ ਤੁਸੀਂ ਆਪਣੇ ਪਿਛਲੇ ਮਹੀਨੇ ਦੇ ਬਕਾਇਆਂ ਦਾ ਸਾਰਾ ਭੁਗਤਾਨ ਕਰ ਦਿੱਤਾ ਹੈ, ਛੋਟ ਦੀ ਅਵਧੀ ਇਸ ਪ੍ਰਕਾਰ ਹੋਵੇਗੀ:

ਮਿਤੀ 12 ਅਪ੍ਰੈਲ ਦੀ ਖ਼ਰੀਦ ਲਈ, 12 ਅਪ੍ਰੈਲ ਤੋਂ 28 ਮਈ ਤੱਕ ਵਿਆਜ਼ ਰਹਿਤ ਛੋਟ ਦੀ ਅਵਧੀ = 48 ਦਿਨ ਹੋਵੇਗੀ ਅਤੇ ਮਿਤੀ 2 ਮਈ ਦੀ ਖ਼ਰੀਦਦਾਰੀ ਲਈ ਮਿਤੀ 2 ਮਈ ਤੋਂ 28 ਮਈ ਤੱਕ ਤੱਕ ਵਿਆਜ਼ ਰਹਿਤ ਛੋਟ ਦੀ ਅਵਧੀ = 27 ਦਿਨ ਹੋਵੇਗੀ ਹੋਵੇਗੀ

ਹਾਲਾਂਕਿ, ਜੇਕਰ ਤੁਸੀਂ ਬਕਾਇਆ ਮਿਤੀ ਤੋਂ ਪਹਿਲਾਂ ਪਿਛਲੇ ਮਹੀਨੇ ਦੇ ਪੂਰੇ ਬਕਾਏ ਦਾ ਭੁਗਤਾਨ ਨਹੀਂ ਕੀਤਾ ਹੈ, ਤਾਂ ਵਿਆਜ਼ ਰਹਿਤ ਕੋਈ ਵੀ ਅਵਧੀ ਨਹੀਂ ਹੋਵੇਗੀ। ਵਿੱਤ ਵਸੂਲੀਆਂ (ਵਿਆਜ਼ ਦੀਆਂ ਵਸੂਲੀਆਂ) ਜੇਕਰ ਤੁਸੀਂ ਬਕਾਇਆ ਮਿਤੀ 'ਤੇ ਜਾਂ ਇਸ ਤੋਂ ਪਹਿਲਾਂ ਪਿਛਲੀ ਬਿੱਲ ਰਾਸ਼ੀ ਦਾ ਪੂਰਾ ਭੁਗਤਾਨ ਨਹੀਂ ਕਰਦੇ ਤਾਂ ਤੁਹਾਡੇ ਕੋਲੋਂ ਰੋਜ਼ਾਨਾਂ ਦੇ ਆਧਾਰ 'ਤੇ ਬਣਦਾ ਵਿਆਜ਼ ਵਸੂਲ ਕੀਤਾ ਜਾਏਗਾ; ਵਿਆਜ਼ ਟ੍ਰਾਂਜੈਕਸ਼ਨ ਦੀ ਮਿਤੀ ਤੋਂ ਲੈ ਕੇ ਸੈਟਲਮੈਂਟ ਦੀ ਮਿਤੀ ਤੱਕ ਵਸੂਲ ਕੀਤਾ ਜਾਏਗਾ। ਨਕਦੀ ਐਡਵਾਂਸਾਂ 'ਤੇ ਵਿਆਜ਼ ਟ੍ਰਾਂਜੈਕਸ਼ਨ ਦੀ ਮਿਤੀ ਤੋਂ ਲੈ ਕੇ ਸੈਟਲਮੈਂਟ ਦੀ ਮਿਤੀ ਤੱਕ ਟ੍ਰੈਵਲ ਏਜੰਟ ਕ੍ਰੈਡਿਟ ਕਾਰਡ (18% ਸਾਲਾਨਾ) ਲਈ @ 1.49% ਪ੍ਰਤੀ ਮਹੀਨਾ 'ਤੇ ਵਸੂਲ ਕੀਤਾ ਜਾਏਗਾ। ਜੇਕਰ ਬਕਾਇਆ ਮਿਤੀ ਤੋਂ ਬਾਅਦ ਪਰ ਅਗਲੀ ਸਟੇਟਮੈਂਟ ਦੀ ਮਿਤੀ ਤੋਂ ਪਹਿਲਾਂ ਪੂਰਾ ਭੁਗਤਾਨ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਵਿਆਜ਼ ਵੀ ਵਸੂਲ ਕੀਤਾ ਜਾਏਗਾ। ਜੇਕਰ ਤੁਸੀਂ ਇੱਕ ਆਂਸ਼ਿਕ ਭੁਗਤਾਨ ਕਰ ਰਹੇ ਹੋ ਪਰ ਤੁਸੀਂ ਵਰਤਮਾਨ ਸਟੇਟਮੈਂਟ ਦਾ ਬਕਾਇਆ ਭੁਗਤਾਨ ਦੀ ਬਕਾਇਆ ਮਿਤੀ 'ਤੇ ਜਾਂ ਉਸ ਤੋਂ ਪਹਿਲਾਂ ਕਰ ਦਿੱਤਾ ਹੈ ਤਾਂ ਪੂਰੇ ਭੁਗਤਾਨ ਦੀ ਮਿਤੀ ਤੱਕ ਵਰਤਮਾਨ ਸਟੇਟਮੈਂਟ ਦੇ ਕੁੱਲ ਬਕਾਏ 'ਤੇ ਵਿਆਜ਼ ਵਸੂਲ ਕੀਤਾ ਜਾਏਗਾ। ਇਸ ਪ੍ਰਕਾਰ ਵਸੂਲ ਕੀਤੇ ਗਏ ਬਕਾਏ ਨੂੰ ਅਗਲੀ ਸਟੇਟਮੈਂਟ ਵਿੱਚ ਦਰਸਾਇਆ ਜਾਏਗਾ। ਉਦਾਹਰਣ ਲਈ 20 ਜੂਨ ਦੀ ਸਟੇਟਮੈਂਟ ਦਾ ਕੁੱਲ ਬਕਾਇਆ ₹5000 ਹੈ। 1 ਜੁਲਾਈ ਨੂੰ ਮ

5,000 ਦਾ ਭੁਗਤਾਨ ਕੀਤਾ ਗਿਆ ਹੈ। 10 ਦਿਨਾਂ ਲਈ ₹5,000 'ਤੇ ਵਿਆਜ਼ ਨੂੰ 20 ਜੁਲਾਈ ਦੀ ਸਟੇਟਮੈਂਟ ਵਿੱਚ ਬਿੱਲ ਦੇ ਰੂਪ ਵਿੱਚ ਭੇਜਿਆ ਜਾਏਗਾ। ਜੇਕਰ ਉਪਯੋਗਿਤਾ ਬਿੱਲਾਂ, ਜਾਂ ਬੀਮੇ ਦੇ ਭੁਗਤਾਨਾਂ ਵਿੱਚ ਕੋਈ ਟ੍ਰਾਂਜੈਕਸ਼ਨ ਕੀਤੀ ਗਈ ਹੋਵੇ ਤਾਂ ਲਾਗੂ ਟ੍ਰਾਂਜ਼ੈਕਸ਼ਨ ਫ਼ੀਸ ਨੂੰ ਵੀ ਸ਼ਾਮਲ ਕੀਤਾ ਜਾਏਗਾ।

ਵਿਆਜ਼ ਦੀ ਕੈਲਕੁਲੇਸ਼ਨ 'ਤੇ ਵਿਆਖ਼ਿਆ ਮੰਨ ਲਓ 15 ਮਾਰਚ ਨੂੰ ਕੀਤੀ ਗਈ ਖ਼ਰੀਦਦਾਰੀ ਲਈ ਤੁਹਾਡੇ ਕੋਲ 10,000 ਰੁਪਏ ਦਾ ਬਕਾਇਆ ਹੈ। 31 ਮਾਰਚ ਨੂੰ ਤਿਆਰ ਕੀਤੀ ਸਟੇਟਮੈਂਟ 10,000 ਰੁਪਏ ਦੇ ਬਕਾਏ ਨੂੰ ਦਰਸਾਏਗੀ। ਤੁਸੀਂ 10 ਅਪ੍ਰੈਲ ਨੂੰ 4,000 ਰੁਪਏ ਦਾ ਭੁਗਤਾਨ ਕਰਦੇ ਹੋ। ਅਤੇ ਤੁਸੀਂ 15 ਅਪ੍ਰੈਲ ਨੂੰ 2,000 ਰੁਪਏ ਦੀ ਇੱਕ ਖ਼ਰੀਦਦਾਰੀ ਕਰਦੇ ਹੋ। ਤੁਸੀਂ 30 ਅਪ੍ਰੈਲ ਤੱਕ ਆਪਣੇ ਕ੍ਰੈਡਿਟ ਕਾਰਡ 'ਤੇ ਕੋਈ ਵੀ ਭੁਗਤਾਨ ਨਹੀਂ ਕਰਦੇ ਹੋ। ਇਸ ਸੂਰਤ ਵਿੱਚ ਵਿਆਜ਼ ਹੇਠਾਂ ਦਿੱਤੇ ਅਨੁਸਾਰ ਲਗਾਇਆ ਜਾਏਗਾ:

**ਰੋਜ਼ਾਨਾ ਦੇ ਵਿਆਜ਼ ਦੀ ਦਰ = (1.49%)*12/365=0.049%**

| |
|---|
| 17 ਦਿਨਾਂ (15 ਮਾਰਚ – 31 ਮਾਰਚ) ਲਈ ₹10,000 ਦੇ ਬਕਾਏ 'ਤੇ = 10000*0.1085%*17=₹184.45 |
| 9 ਦਿਨਾਂ (1 ਅਪ੍ਰੈਲ – 9 ਅਪ੍ਰੈਲ) ਲਈ ₹10,000 ਦੇ ਬਕਾਏ 'ਤੇ = 10000*0.1085%*9=₹97.65 |
| 5 ਦਿਨਾਂ (10 ਅਪ੍ਰੈਲ – 14 ਅਪ੍ਰੈਲ) ਲਈ ₹10,000 ਦੇ ਬਕਾਏ 'ਤੇ = 10000*0.1085%*5=₹14.7 |
| 16 ਦਿਨਾਂ (15 ਅਪ੍ਰੈਲ – 30 ਅਪ੍ਰੈਲ) ਲਈ ₹10,000 ਦੇ ਬਕਾਏ 'ਤੇ = 10000*0.1085%*16=₹138.88 |
| ਕੁੱਲ ਵਸੂਲ ਕੀਤਾ ਗਿਆ ਵਿਆਜ਼ = ₹453.5; ਕੁੱਲ ਬਕਾਇਆ ਰਾਸ਼ੀ = ₹ 8453.5 |

ਉੱਪਰ ਦਿੱਤੀ ਗਈ ਉਦਾਹਰਨ ਵਿੱਚ,8453.5 ਰੁਪਏ ਦੀ ਕੁੱਲ ਬਕਾਇਆ ਰਾਸ਼ੀ ਨਾਲ ₹ 30 ਅਪ੍ਰੈਲ ਨੂੰ ਸਟੇਟਮੈਂਟ ਬਣਾਈ ਗਈ। ਤੁਸੀਂ 15 ਮਈ ਨੂੰ ₹8,453.5 ਦਾ ਇੱਕ ਭੁਗਤਾਨ ਕਰਦੇ ਹੋ ਅਤੇ ਤੁਸੀਂ ਮਈ ਦੇ ਮਹੀਨੇ ਵਿੱਚ ਕੋਈ ਵੀ ਖ਼ਰੀਦਦਾਰੀ ਨਹੀਂ ਕਰਦੇ ਹੋ। ਫਿਰ 31 ਮਈ ਨੂੰ ਬਣਾਈ ਗਈ ਅਗਲੀ ਸਟੇਟਮੈਂਟ ਵਿੱਚ ਤੁਹਾਡੇ ਕੋਲੋਂ ₹128.4 ਦਾ ਵਿਆਜ਼ ਵਸੂਲ ਕੀਤਾ ਜਾਏਗਾ। 14 ਦਿਨਾਂ (1 ਮਈ – 14 ਮਈ) ਲਈ ₹8,453.5 ਦੇ ਬਕਾਏ 'ਤੇ = 8453.5*1085%*14=128.4)

ਉੱਪਰ ਦਿੱਤੀ ਗਈ ਉਦਾਹਰਨ ਵਿੱਚ ਸਰਕਾਰੀ ਟੈਕਸ ਮੌਜੂਦ ਨਹੀਂ ਹਨ (ਸੇਵਾ ਕਰ, ਜੀਐਸਟੀ, ਸਮੇਂ ਸਮੇਂ ਸਿਰ ਲਾਗੂ ਹੋਣ ਵਾਲੇ ਕੋਈ/ਸਾਰੇ ਟੈਕਸ)। ਉੱਪਰ ਦਿੱਤੀ ਗਈ ਵਿਆਖਿਆ 1.49% ਪ੍ਰਤੀ ਮਹੀਨਾ ਦੀ ਵਿਆਜ਼ ਦਰ ਅਨੁਸਾਰ ਲਾਗੂ ਹੈ।

ਨੋਟ: ਜੇਕਰ ਤੁਸੀਂ ₹ 5,000 ਖਰਚ ਕਰਦੇ ਹੋ ਅਤੇ ਤੁਸੀਂ ਹਰ ਮਹੀਨੇ ਨਿਊਨਤਮ ਬਕਾਇਆ ਰਾਸ਼ੀ (''ਐਮਏਡੀ'') ਦਾ ਵਾਪਸ ਭੁਗਤਾਨ ਕਰਦੇ ਹੋ, ਅਤੇ ਫਿਰ ਇਹ ਬਕਾਇਆ ਰਾਸ਼ੀ 'ਤੇ ਨਿਰੰਤਰ ਵਿਆਜ਼ ਦੇ ਭੁਗਤਾਨ ਨਾਲ 5 ਸਾਲਾਂ 'ਤੇ ਮੁੜ ਭੁਗਤਾਨ ਵੱਧ ਸਕਦਾ ਹੈ। ਇਸ ਲਈ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਜਦੋਂ ਵੀ ਤੁਹਾਡੇ ਕੋਲ ਕੈਸ਼ ਫ਼ਲੋਅ ਹੁੰਦਾ ਹੈ, ਤਾਂ ਐਮਏਡੀ ਤੋਂ ਵੱਧ ਉਚਿਤ ਰਾਸ਼ੀ ਦਾ ਭੁਗਤਾਨ ਬੈਂਕ ਨੂੰ ਕਰਨਾ ਹੁੰਦਾ ਹੈ। ਲੇਟ ਭੁਗਤਾਨ ਲਈ ਖਰਚੇ ਵੀ ਲਾਗੂ ਹੋਣਗੇ ਜੇਕਰ ਭੁਗਤਾਨ ਦੀ ਬਕਾਇਆ ਮਿਤੀ ਤੋਂ ਬਾਅਦ ਐਮਏਡੀ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ।

**ਨਕਦ ਛੂਟ ਪ੍ਰੋਗਰਾਮ:**

ਕੋਟਕ ਬੈਂਕ ਦੇ ਵਿਸ਼ੇਸ਼ ਫ਼ੈਸਲੇ 'ਤੇ ਟ੍ਰੈਵਲ ਏਜੰਟ ਕ੍ਰੈਡਿਟ ਕਾਰਡਧਾਰਕਾਂ ਲਈ ਨਕਦ ਛੂਟ ਪ੍ਰੋਗਰਾਮ ਉਪਲਬਧ ਕਰਾਇਆ ਜਾਏਗਾ, ਅਤੇ ਇਹ ਕਾਰਡ ਤੋਂ ਕਾਰਡ ਅਲੱਗ ਹੋ ਸਕਦਾ ਹੈ। ਪ੍ਰੋਗਰਾਮ ਅਤੇ/ਜਾਂ ਨਕਦ ਛੂਟ ਨਾਲ ਸੰਬੰਧਿਤ ਜਾਣਕਾਰੀ (ਨਕਦ ਛੂਟ ਦੀ ਪੋਸਟਿੰਗ ਦਾ ਫ਼ਾਰਮ ਅਤੇ ਵਿਧੀ ਸਮੇਤ ਹੋਰ ਕੁੱਝ) ਨੂੰ ਸਮੇਂ ਸਮੇਂ ਸਿਰ ਕੋਟਕ ਬੈਂਕ ਰਾਹੀਂ ਕਾਰਡਧਾਰਕ ਨਾਲ ਸਾਂਝੀ ਕੀਤੀ ਜਾਏਗੀ।

**ਬੇਸ ਨਕਦ ਛੂਟ ਦਾ ਸਵੈ ਹੋਣਾ:**

1 ਜਨਵਰੀ, 2019 ਤੋਂ ਲਾਗੂ, ਸਾਰੇ ਟ੍ਰੈਵਲ ਏਜੰਟ ਕਾਰਡਾਂ ਨੂੰ ਬੇਸ ਨਕਦ ਛੂਟ ਦੇਣਾ ਬੰਦ ਕੀਤਾ ਜਾਏਗਾ ਜਿਵੇਂ ਉਨ੍ਹਾਂ ਨਾਲ ਪਹਿਲਾਂ ਸੰਚਾਰ ਕੀਤਾ ਗਿਆ ਹੈ।

**ਟ੍ਰੈਵਲ ਏਜੰਟ ਕਾਰਡਾਂ 'ਤੇ ਬੇਸ ਨਕਦ ਛੂਟ ਲਈ ਸਧਾਰਨ ਨਿਯਮ ਅਤੇ ਸ਼ਰਤਾਂ:**

ਸਾਰੇ ਲਿੰਕਡ ਕ੍ਰੈਡਿਟ ਕਾਰਡ ਖ਼ਾਤੇ ਅਤੇ ਕਾਰਡ ਚੰਗੀ ਸਥਿਤੀ ਵਿੱਚ ਹੋਣੇ ਜ਼ਰੂਰੀ ਹਨ ਅਰਥਾਤ ਕੋਈ ਅਪਰਾਧਿਕ ਖਾਤੇ ਨਾ ਹੋਣਾ ਅਤੇ ਨਾ ਹੀ ਕੋਟਕ ਬੈਂਕ ਰਾਹੀਂ ਰੱਦ ਜਾਂ ਮੁਅੱਤਲ ਨਾ ਕੀਤੇ ਗਏ ਹੋਣ ਜਾਂ ਕਾਰਡਧਾਰਕ ਅਤੇ ਕਾਰਡ ਨਕਦ ਛੂਟ ਦੀ ਪੋਸਟਿੰਗ ਦੇ ਸਮੇਂ 'ਤੇ, ਧੋਖਾਧੜੀ/ ਹਾਨੀ/ ਚੋਰੀ ਦੇ ਕਾਰਨ/ ਨਿਰਧਾਰਿਤ ਕਾਰਡ ਸੀਮਾ 'ਤੇ ਕਾਰਡ ਦੀ ਵਰਤੋਂ ਅਸਥਾਈ ਤੌਰ 'ਤੇ ਬਲੌਕ ਨਹੀਂ ਹੋਣੀ ਚਾਹੀਦੀ। ਨਿਯਮਿਤ ਕੀਤੇ ਜਾ ਰਹੇ ਕਾਰਡ ਖ਼ਾਤੇ 'ਤੇ, ਯੋਗ ਨਕਦ ਛੂਟ ਕੋਟਕ ਬੈਂਕ ਦੇ ਫ਼ੈਸਲੇ 'ਤੇ ਪੋਸਟ ਕੀਤੀ ਜਾ ਸਕਦੀ ਹੈ।

- ਨਕਦ ਛੂਟ ਪ੍ਰੋਗਰਾਮ ਦੇ ਤਹਿਤ ਯੋਗ ਖਰਚਿਆਂ ਦੀ ਸ਼੍ਰੇਣੀ ਦੀ ਚੋਣ ਕੋਟਕ ਬੈਂਕ ਦੇ ਇਕਮਾਤਰ ਫ਼ੈਸਲੇ 'ਤੇ ਕੀਤੀ ਜਾਏਗੀ ਅਤੇ ਬਿਨਾਂ ਨੋਟਿਸ ਤੋਂ ਬਦਲਣ ਲਈ ਜੁਆਬਦੇਹ ਹੋਵੇਗਾ।
- ਜੇਕਰ ਪ੍ਰਚਲਿਤ ਨਕਦ ਛੂਟ ਗਰਿੱਡ ਦੇ ਅਨੁਸਾਰ ਲਾਗੂ ਯੋਗ ਮਾਪਦੰਡ ਨੂੰ ਪੂਰਾ ਨਹੀਂ ਕੀਤਾ ਜਾਂਦਾ ਹੈ, ਤਾਂ ਨਕਦ ਛੂਟ ਲਈ ਅਨੁਰੋਧ ਨੂੰ ਰੱਦ ਸਮਝਿਆ ਜਾਏਗਾ।
- ਨਕਦ ਛੂਟ ਦੀ ਕੋਟਕ ਬੈਂਕ ਦੀ ਗਣਨਾ ਅੰਤਿਮ, ਫ਼ੈਸਲਾਕੁੰਨ ਅਤੇ ਕਾਰਡਧਾਰਕਾਂ 'ਤੇ ਲਾਗੂ ਹੋਵੇਗੀ, ਅਤੇ ਇਹ ਵਿਵਾਦ ਪੈਦਾ ਕਰਨ ਜਾਂ ਪ੍ਰਸ਼ਨ ਕੀਤੇ ਜਾਣ ਦੇ ਯੋਗ ਨਹੀਂ ਹੋਵੇਗੀ ਅਤੇ ਕੋਟਕ ਬੈਂਕ ਦਾ ਫ਼ੈਸਲਾ ਸਾਰੇ ਗਾਹਕਾਂ 'ਤੇ ਲਾਗੂ ਹੋਵੇਗਾ।
- ਇਹ ਪ੍ਰੋਗਰਾਮ ਨਾ-ਬਦਲਣ ਯੋਗ ਹੈ ਅਰਥਾਤ ਕਾਰਡਧਾਰਕ ਕਿਸੇ ਹੋਰ ਵਿਅਕਤੀ ਲਈ ਕੋਈ ਵੀ ਨਕਦ ਛੂਟ ਨੂੰ ਸਥਾਂਤਰਣ ਨਹੀਂ ਕਰ ਸਕਦੇ, ਨਾ ਹੀ ਉਹ ਆਪਣੇ ਦੂਜੇ ਕਾਰਡਾਂ ਦੀ ਨਕਦ ਛੂਟ ਨੂੰ ਕਲੱਬ/ ਮਿਲਾ ਨਹੀਂ ਸਕਦਾ।
- ਕੋਟਕ ਬੈਂਕ ਕੋਲ ਬਿਨਾਂ ਅਗੇਤੇ ਨੋਟਿਸ ਤੋਂ ਇਨ੍ਹਾਂ ਵਿੱਚੋਂ ਕਿਸੇ ਜਾਂ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਵਧਾਉਣ, ਸੋਧ ਕਰਨ ਜਾਂ ਬਦਲਾਵ ਕਰਨ ਜਾਂ ਇਸ ਪ੍ਰੋਗਰਾਮ ਨੂੰ ਇਕੱਠਿਆਂ ਵਾਪਸ ਲੈਣ ਦਾ, ਹਰ ਸਮੇਂ 'ਤੇ ਵਿਸ਼ੇਸ਼ ਅਧਿਕਾਰ ਰਾਖ਼ਵਾਂ ਹੈ।
- ਇਸ ਪ੍ਰੋਗਰਾਮ ਨਾਲ ਸੰਬੰਧਿਤ ਕਿਸੇ ਵੀ ਵਿਵਾਦ ਦੀ ਹੋਂਦ ਕੋਟਕ ਬੈਂਕ ਦੇ ਖ਼ਿਲਾਫ਼ ਇੱਕ ਕਲੇਮ ਤਿਆਰ ਨਹੀਂ ਕਰੇਗੀ।
- ਕੋਟਕ ਬੈਂਕ ਅਜਿਹੇ ਕਿਸੇ ਵੀ ਵਿਵਾਦ ਬਾਰੇ ਗੱਲਬਾਤ ਨਹੀਂ ਕਰੇਗਾ ਤਾਂ ਵੀ, ਜੇਕਰ ਗਾਹਕ ਇਸ ਦੇ ਸਮਾਧਾਨ ਲਈ ਪਹੁੰਚ ਕਰਦਾ ਹੈ।
- ਇਸ ਛੋਟ ਪ੍ਰੋਗਰਾਮ ਵਿੱਚ ਦਿੱਤਾ ਗਿਆ ਕੁੱਝ ਵੀ ਕੋਟਕ ਬੈਂਕ ਦੇ ਆਪਣੇ ਕਿਸੇ ਵੀ ਅਧਿਕਾਰ (ਵਿਆਜ਼ ਦੀਆਂ ਵਸੂਲੀਆਂ ਸਮੇਤ) ਨੂੰ ਛੱਡਣ ਦਾ ਅਧਿਕਾਰ ਨਹੀਂ ਬਣਾਏਗਾ ਜੋ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਤਹਿਤ ਦਿੱਤੇ ਗਏ ਹਨ।

**ਗਾਹਕ ਸੰਪਰਕ ਕੇਂਦਰ**

ਸਾਡੇ ਨਾਲ ਤੁਹਾਡੇ ਹਰ ਸੰਚਾਰ ਵਿੱਚ, ਕਿਰਪਾ ਕਰਕੇ ਆਪਣਾ 16-ਅੰਕਾਂ ਦਾ ਕੋਟਕ ਕ੍ਰੈਡਿਟ ਕਾਰਡ ਨੰਬਰ ਦਰਸਾਓ

ਤੁਸੀਂ ਹੇਠਾਂ ਦਿੱਤੀਆਂ ਵਿੱਚੋਂ ਕਿਸੇ ਨਾਲ ਵੀ ਬੈਂਕ ਨਾਲ ਸੰਪਰਕ ਕਰ ਸਕਦੇ ਹੋ।

(ਏ) ਸਾਡੇ 24 ਘੰਟੇ ਦੇ ਗਾਹਕ ਸੇਵਾ ਕੇਂਦਰ ਨੂੰ - 1860 266 2666 'ਤੇ ਜਾਂ www.kotak.com 'ਤੇ ਉਪਲਬਧ ਫ਼ੋਨ ਨੰਬਰਾਂ ਦੀ ਵਿਸਤ੍ਰਿਤ ਸੂਚੀ 'ਤੇ ਕਾਲ ਕਰਨ ਰਾਹੀਂ। (ਬੀ) www.kotak.com 'ਤੇ ਲੌਗ ਕਰਕੇ ਈਮੇਲ ਰਾਹੀਂ ਜਾਂ ਆਪਣੇ ਇੰਟਰਨੈਟ ਬੈਂਕਿੰਗ ਖਾਤੇ ਰਾਹੀਂ (ਸੀ) ਕੋਰੀਅਰ-ਦ ਸਰਵਿਸ ਮੈਨੇਜ਼ਰ ਰਾਹੀਂ, (ਡੀ) ਨਿਯਮਿਤ ਡਾਕ: ਕੋਟਕ ਮਹਿੰਦਰਾ ਬੈਂਕ ਲਿਮਟਿਡ ਕੋਟਕ ਕ੍ਰੈਡਿਟ ਕਾਰਡ ਪੀ.ਓ ਬਾਕਸ ਨੰਬਰ 27703, ਮਾਲਾਦ (ਪੂਰਵ), ਮੁੰਬਈ – 400097, ਭਾਰਤ

## ਬਿਲਿੰਗ ਵਿਵਾਦ ਸਮਾਧਾਨ

ਕਾਰਡਧਾਰਕ ਦੇ ਸਟੇਟਮੈਂਟ ਵਿੱਚ ਦਰਸਾਏ ਖ਼ਰਚਿਆਂ ਨਾਲ ਅਸਹਿਮਤ ਹੋਣ ਦੀ ਸੂਰਤ ਵਿੱਚ, ਇਸ ਬਾਰੇ ਸਟੇਟਮੈਂਟ ਦੇ ਪ੍ਰਾਪਤ ਹੋਣ ਦੇ 60 (ਸੱਠ) ਦਿਨਾਂ ਦੇ ਅੰਦਰ ਕੋਟਕ ਮਹਿੰਦਰਾ ਬੈਂਕ ਦੇ ਪੱਤਰ ਵਿਵਹਾਰ ਵਾਲੇ ਪਤੇ 'ਤੇ ਲਿਖ਼ਤੀ ਰੂਪ ਵਿੱਚ ਸੰਚਾਰ ਕੀਤਾ ਜਾਣਾ ਚਾਹੀਦਾ ਹੈ, ਅਜਿਹਾ ਨਾ ਕਰਨ ਦਾ ਨਤੀਜ਼ਾ ਇਹ ਹੋਵੇਗਾ ਕਿ ਸਟੇਟਮੈਂਟ ਵਿੱਚ ਦੱਸੇ ਗਏ ਸਾਰੇ ਖ਼ਰਚੇ ਸਹੀ ਹਨ ਅਤੇ ਤੁਹਾਨੂੰ ਸਵੀਕਾਰਯੋਗ ਹਨ। ਕਿਰਪਾ ਕਰਕੇ ਨੋਟ ਕਰੋ ਕਿ ਅੰਤਰਰਾਸ਼ਟਰੀ ਟ੍ਰਾਂਜ਼ੈਕਸ਼ਨ ਦੇ ਸੰਬੰਧ ਵਿੱਚ ਕੋਈ ਵੀ ਵਿਵਾਦ ਹੋਣ ਦੀ ਸੂਰਤ ਵਿੱਚ, ਤੁਹਾਨੂੰ ਆਪਣੇ ਪਾਸਪੋਰਟ ਦੀ ਇੱਕ ਕਾਪੀ ਸਾਨੂੰ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਕਾਰਡਧਾਰਕ ਨੇ ਕ੍ਰੈਡਿਟ ਕਾਰਡ ਲਈ ਵਾਧੂ ਭੁਗਤਾਨ ਕੀਤਾ ਹੋਵੇ, ਤਾਂ ਭੁਗਤਾਨ ਕੇਵਲ ਕ੍ਰੈਡਿਟ ਕਾਰਡ ਦੇ ਖ਼ਾਤੇ ਵਿੱਚ ਰਿਫ਼ੰਡ ਕੀਤਾ ਜਾਏਗਾ। ਜੇਕਰ ਕ੍ਰੈਡਿਟ ਕਾਰਡ ਰੱਦ ਹੋ ਜਾਂਦਾ ਹੈ, ਤਾਂ ਵਾਧੂ ਕਿਸੇ ਵੀ ਬਕਾਇਆ ਰਾਸ਼ੀ ਨੂੰ ਕੇਵਲ ਗਾਹਕ ਦੇ ਬੱਚਤ ਖ਼ਾਤੇ ਵਿੱਚ ਟ੍ਰਾਂਸਫ਼ਰ ਕੀਤਾ ਜਾਏਗਾ।

## ਸ਼ਿਕਾਇਤ ਨਿਵਾਰਨ/ ਸ਼ਿਕਾਇਤਾਂ/ ਅੱਗੇ ਪੁਜਾਉਣਾ

ਉਸ ਅਸੰਭਾਵਿਤ ਘਟਨਾ ਦੀ ਸੂਰਤ ਵਿੱਚ ਕਿ ਤੁਸੀਂ ਸਾਡੀਆਂ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ, ਤੁਸੀਂ ਆਪਣੀ ਸ਼ਿਕਾਇਤ ਨੂੰ ਇਸ ਪ੍ਰਕਾਰ ਰਜਿਸਟਰ ਕਰ ਸਕਦੇ ਹੋ (i) www.kotak.com 'ਤੇ ''ਸ਼ਿਕਾਇਤ ਫ਼ਾਰਮ'' ਭਰ ਕੇ (ii) ਸਾਡੇ ਗਾਹਕ ਸੇਵਾ ਕੇਂਦਰ ਨੂੰ ਕਾਲ ਕਰਕੇ (iii) ਸੇਵਾ ਪ੍ਰਬੰਧਕ-ਸਰਵਿਸ ਮੈਨੇਜ਼ਰ ਨੂੰ ਲਿਖ ਕੇ (iv) ਤੇਜ਼ੀ ਲਿਆਉਣ ਲਈ ਤੁਸੀਂ ਇਸ ਪਤੇ 'ਤੇ ਲਿਖ ਸਕਦੇ ਹੋ: nodalofficercards@kotak.com 'ਤੇ ਨੋਡਲ ਅਧਿਕਾਰੀ ਕ੍ਰੈਡਿਟ ਕਾਰਡਜ਼ ਡਿਵੀਜ਼ਨ। ਜੇਕਰ ਬੈਂਕ ਵਿੱਚ ਸ਼ਿਕਾਇਤ ਪ੍ਰਾਪਤ ਹੋਣ ਤੋਂ 30 ਦਿਨਾਂ ਅੰਦਰ ਤੁਹਾਡੀ ਸ਼ਿਕਾਇਤ ਹੱਲ ਨਹੀਂ ਕੀਤੀ ਜਾਂਦੀ ਹੈ ਤਾਂ ਇਹ ਸ਼ਿਕਾਇਤ ਬੈਂਕਿੰਗ ਲੋਕਪਾਲ ਕੋਲ ਭੇਜੀ ਜਾ ਸਕਦੀ ਹੈ। ਤੁਹਾਡੇ ਸਥਾਨ ਲਈ ਬੈਂਕਿੰਗ ਲੋਕਪਾਲ ਦੇ ਵੇਰਵੇ ਸ਼ਾਖ਼ਾਵਾਂ 'ਤੇ ਪ੍ਰਦਰਸ਼ਿਤ ਕੀਤੇ ਗਏ ਹਨ।

## ਡਿਫ਼ਾਲਟ

ਜੇਕਰ ਕਾਰਡਧਾਰਕ ਘੱਟੋ ਘੱਟ ਬਕਾਇਆ ਰਾਸ਼ੀ ਦਾ ਭੁਗਤਾਨ ਨਹੀਂ ਕਰਦਾ/ਕਰਦੀ ਹੈ, ਤਾਂ ਕਾਰਡਧਾਰਕ (ਕਾਰਡਧਾਰਕਾਂ) ਨੂੰ ਆਪਣੇ ਬਕਾਇਆਂ ਦਾ ਭੁਗਤਾਨ ਕਰਨ ਲਈ ਹਰੇਕ ਅਗਲੀ ਸਟੇਟਮੈਂਟ ਵਿੱਚ ਯਾਦ ਕਰਵਾਇਆ ਜਾਏਗਾ। 6 ਮਹੀਨਿਆਂ ਦੀ ਅਵਧੀ ਤੋਂ ਵੱਧ ਦੇ ਸਮੇਂ ਲਈ ਬਕਾਇਆ ਰਾਸ਼ੀ ਕਾਰਨ ਕਾਰਡਧਾਰਕ ਦੀ ਇੱਕ 'ਇੱਛੁਕ ਡਿਫ਼ਾਲਟਰ' ਵਜੋਂ ਦੀ ਰਿਪੋਰਟ ਕੀਤੀ ਜਾ ਸਕਦੀ ਹੈ। ਡਿਫ਼ਾਲਟ ਹੋਣ ਦੀ ਸੂਰਤ ਵਿੱਚ, ਫ਼ਾਲੋ-ਅੱਪ ਡਾਕ, ਫ਼ੈਕਸ ਅਤੇ ਟੈਲੀਫ਼ੋਨ, ਇਲੈਕਟ੍ਰਾਨਿਕ ਮੇਲ, ਐਸਐਮਐਸ ਸੁਨੇਹੇ ਰਾਹੀਂ ਕੀਤਾ ਜਾ ਸਕਦਾ ਹੈ ਅਤੇ/ ਜਾਂ ਫ਼ਾਲੋ ਅੱਪ ਕਰਨ ਲਈ ਅਤੇ ਬਕਾਏ ਇਕੱਤਰ ਕਰਨ ਲਈ ਤੀਜੀਆਂ ਧਿਰਾਂ ਨੂੰ ਇਸ ਕੰਮ ਵਿੱਚ ਲਗਾਇਆ ਜਾ ਸਕਦਾ ਹੈ। ਬੈਂਕ ਅਤੇ ਇਸ ਪ੍ਰਕਾਰ ਨਿਯੁਕਤ ਕੀਤੀ ਗਈ ਕੋਈ ਵੀ ਤੀਜ਼ੀ ਧਿਰ ਕ੍ਰੈਡਿਟ ਕਾਰਡ ਦੇ ਅਪਰੇਸ਼ਨਾਂ ਅਤੇ ਬਕਾਇਆਂ ਦੇ ਸੰਗ੍ਰਹਿਣ ਅਤੇ ਸਮੇਂ ਸਮੇਂ ਸਿਰ ਸੋਧ ਕੀਤੇ ਅਨੁਸਾਰ ਸਿਕਿਓਰਿਟੀ ਪਾਲਿਸੀ ਦੇ ਪੁਨਰ ਅਧਿਕਾਰ ਲਈ ਬੈਂਕ ਦੀ ਨਿਰਪੱਖ ਆਚਾਰ ਸੰਹਿਤਾ ਨੂੰ ਅਪਨਾਏਗੀ। ਬੈਂਕ ਕੋਲ ਰਿਪੋਰਟ ਕੀਤੇ ਗਏ ਡਿਫ਼ਾਲਟ ਦੇ ਕਿਸੇ ਵੀ ਮੁੱਦੇ ਨੂੰ ਵਾਪਸ ਲੈਣ ਦਾ ਹੱਕ ਹੋਵੇਗਾ ਜੇਕਰ:

- ਪ੍ਰਸ਼ਨਗਤ ਡਿਫ਼ਾਲਟਰ ਨੇ ਬੈਂਕ ਵਿੱਚ ਆਪਣੀ ਸਾਰੀ ਬਕਾਇਆ ਰਾਸ਼ੀ ਨੂੰ ਵਾਪਸ ਕਰ ਦਿੱਤਾ ਹੋਵੇ ਜਾਂ ਬੈਂਕ ਵਿੱਚ ਆਪਣੇ ਬਕਾਇਆਂ ਨੂੰ ਸੈਟਲ ਕਰ ਦਿੱਤਾ ਹੋਵੇ
- ਬੈਂਕ ਰਾਹੀਂ ਜਾਂ ਬੈਂਕ ਖ਼ਿਲਾਫ਼ ਦਾਇਰ ਕੀਤੇ ਗਏ ਇੱਕ ਕਾਨੂੰਨੀ ਮੁਕੱਦਮੇ ਵਿੱਚ ਬੈਂਕ ਖ਼ਿਲਾਫ਼ ਕਾਰਡਧਾਰਕ ਨੂੰ ਸੂਚੀ ਤੋਂ ਹਟਾਉਣ ਲਈ ਬੈਂਕ ਨੂੰ ਹਿਦਾਇਤ ਦੇਣ ਵਾਲਾ ਇੱਕ ਅਦਾਲਤੀ ਹੁਕਮ/ਫ਼ੈਸਲਾ ਪ੍ਰਾਪਤ ਕੀਤਾ ਗਿਆ ਹੋਵੇ। ਵਿਅਕਤੀਗਤ ਸਮੀਖ਼ਿਆਵਾਂ ਦੇ ਆਧਾਰ 'ਤੇ ਫ਼ੈਸਲੇ ਹਰ ਇੱਕ ਕੇਸ ਲਈ ਅਲੱਗ ਅਲੱਗ ਲਏ ਜਾਂਦੇ ਹਨ।
- ਉੱਪਰ ਦਰਸਾਏ ਗਏ ਬਿਰਤਾਂਤਾਂ ਦੀ ਸੂਰਤ ਵਿੱਚ, ਕ੍ਰੈਡਿਟ ਬਿਊਰੋ ਲਈ ਅਗਲੀ ਮਾਸਿਕ ਰਿਫ੍ਰੈਸ਼ ਵਿੱਚ ਕਾਰਡਧਾਰਕਾਂ ਦੇ ਰਿਕਾਰਡ ਨੂੰ 'ਵਰਤਮਾਨ' ਵਜੋਂ ਅੱਪਡੇਟ ਕੀਤਾ ਜਾਏਗਾ।
- ਕਿਸੇ ਕਾਰਡਧਾਰਕ ਦੀ ਮੌਤ ਹੋਣ, ਜਾਂ ਸਥਾਈ ਵਿਕਲਾਂਗਤਾ ਹੋਣ ਦੀ ਸੂਰਤ ਵਿੱਚ, ਬੈਂਕ ਕੋਲ ਕਿਸੇ ਵੀ ਲਾਗੂ ਬੀਮਾ ਕਵਰ ਜਾਂ ਕਾਰਡਧਾਰਕ ਦੇ ਵਾਰਸਾਂ/ ਨਿਸ਼ਪਾਦਕਾਂ/ ਪ੍ਰਸ਼ਾਸ਼ਕਾਂ ਤੋਂ ਕਾਰਡ ਦੀ ਬਕਾਇਆ ਰਾਸ਼ੀ ਦੇ ਰਿਕਵਰੀ ਸਮੇਤ, ਕਿਸੇ ਵੀ ਕਾਰਡ ਖ਼ਾਤੇ (ਖ਼ਾਤਿਆਂ) ਦੇ ਬਕਾਏ ਨੂੰ ਰਿਕਵਰ ਕਰਨ ਲਈ, ਆਪਣੇ ਫ਼ੈਸਲੇ ਅਨੁਸਾਰ ਕਾਨੂੰਨ ਅਤੇ ਐਕਵਿਟੀ ਤਹਿਤ ਇਸ ਲਈ ਉਪਲਬਧ ਸਾਰੀਆਂ ਕਾਰਵਾਈਆਂ ਕਰਨ ਦਾ ਅਧਿਕਾਰ ਰਾਖ਼ਵਾਂ ਹੈ।

## ਕਾਰਡਧਾਰਕਪੁਣੇ ਦੀ ਮੁਅੱਤਲੀ/ਰੱਦ ਕਰਨਾ

ਕਾਰਡਧਾਰਕ ਕਿਸੇ ਵੀ ਸਮੇਂ ਇੱਕ ਲਿਖ਼ਤੀ ਅਨੁਰੋਧ ਕਰਕੇ ਜਾਂ ਬੈਂਕ ਦੇ ਕਸਟਮਰ ਸੰਪਰਕ ਕੇਂਦਰ ਨੂੰ ਕਾਲ ਕਰਕੇ ਅਤੇ ਕਾਰਡ ਨੂੰ ਤਿਰਛਾ ਟੁਕੜਿਆਂ ਵਿੱਚ ਕੱਟ ਕੇ ਆਪਣੀ ਕ੍ਰੈਡਿਟ ਕਾਰਡ ਦੀ ਸੁਵਿਧਾ ਨੂੰ ਮੁਅੱਤਲ ਕਰਨ ਦੀ ਚੋਣ ਕਰ ਸਕਦਾ ਹੈ। ਤੁਹਾਡੀਆਂ ਸਾਰੀਆਂ ਬਕਾਇਆ ਰਾਸ਼ੀਆਂ ਤੁਰੰਤ ਦੇਣਯੋਗ ਹੋਣਗੀਆਂ। ਜਿੱਥੇ 150 ਦਿਨਾਂ ਤੋਂ ਵੱਧ ਸਮੇਂ ਲਈ ਕ੍ਰੈਡਿਟ ਕਾਰਡ ਦੀ ਕਦੇ ਵੀ ਵਰਤੋਂ ਨਾ ਕੀਤੀ ਜਾਏ, ਤਾਂ ਸੁਰੱਖਿਆ ਕਾਰਨਾਂ ਕਰਕੇ ਕਾਰਡ ਨੂੰ ਅਸਥਾਈ ਤੌਰ 'ਤੇ ਬਲੌਕ ਕੀਤਾ ਜਾ ਸਕਦਾ ਹੈ, ਕੋਟਕ ਮਹਿੰਦਰਾ ਬੈਂਕ ਬਿਨਾਂ ਕਿਸੇ ਅਗੇਰੇ ਨੋਟਿਸ ਤੋਂ ਕਿਸੇ ਵੀ ਸਮੇਂ 'ਤੇ ਕਾਰਡ ਦੀ ਵਰਤੋਂ ਨੂੰ ਵੀ ਰੱਦ ਕਰ ਸਕਦਾ ਹੈ, ਜੇਕਰ ਇਹ ਬਿਜ਼ਨੈਸ ਜਾਂ ਸੁਰੱਖਿਆ ਕਾਰਣਾਂ ਕਰਕੇ ਇਸ ਨੂੰ ਉਚਿਤ ਰੂਪ ਵਿੱਚ ਜ਼ਰੂਰੀ ਮੰਨਦਾ ਹੋਵੇ, ਉਨ੍ਹਾਂ ਸਮੇਤ ਜੇਕਰ ਤੁਸੀਂ ਭੁਗਤਾਨਾਂ ਵਿੱਚ ਦੇਰੀ ਕਰਦੇ ਹੋ, ਕ੍ਰੈਡਿਟ ਲਿਮਿਟ ਵੱਧ ਜਾਂਦੀ ਹੈ ਜਾਂ ਜੇਕਰ ਚੈਕ ਵਾਪਸ ਆਉਂਦੇ ਹਨ।

## ਕਾਰਡ ਦਾ ਗੁੰਮ ਹੋਣਾ/ਚੋਰੀ ਹੋਣਾ

ਕਾਰਡਧਾਰਕ ਨੂੰ ਕਾਰਡ ਦੇ ਗੁੰਮ ਹੋਣ ਬਾਰੇ ਗਾਹਕ ਸੰਪਰਕ ਕੇਂਦਰ ਨੂੰ ਕਾਲ ਕਰਕੇ ਬੈਂਕ ਨੂੰ ਤੁਰੰਤ ਰਿਪੋਰਟ ਕਰਨੀ ਪਏਗੀ। ਕਾਰਡਧਾਰਕ ਦੇ ਅਨੁਰੋਧ 'ਤੇ ਬੈਂਕ ਕਾਰਡ ਦੀ ਦੁਰਵਰਤੋਂ ਨੂੰ ਰੋਕਣ ਲਈ ਕਾਰਡ ਨੂੰ ਤੁਰੰਤ ਡੀਐਕਟੀਵੇਟ ਕਰਨ ਦੀ ਕੋਸ਼ਿਸ਼ ਕਰੇਗਾ। ਕਾਰਡਧਾਰਕ ਨੂੰ ਸਥਾਨਕ ਪੁਲਿਸ ਕੋਲ ਫ਼ਸਟ ਇਨਫ਼ਾਰਮੇਸ਼ਨ ਰਿਪੋਰਟ (''ਐਫ਼ਆਈਆਰ'') ਦੇਣੀ ਜ਼ਰੂਰੀ ਹੁੰਦੀ ਹੈ। ਹਾਲਾਂਕਿ, ਕਾਰਡਧਾਰਕ ਸਾਰੀਆਂ ਹਾਨੀਆਂ ਲਈ ਜੁਆਬਦੇਹ ਹੋਵੇਗਾ ਜਦੋਂ ਕੋਈ ਵਿਅਕਤੀ ਕਾਰਡਧਾਰਕ ਦੀ ਸਹਿਮਤੀ ਨਾਲ ਜਾਂ ਇਸ ਤੋਂ ਬਿਨਾਂ ਕਾਰਡ ਜਾਂ ਪਿੰਨ ਨੂੰ ਪ੍ਰਾਪਤ ਕਰਦਾ ਹੈ ਜਾਂ ਇਸ ਦੀ ਦੁਰਵਰਤੋਂ ਕਰਦਾ ਹੈ ਜਾਂ ਜੇਕਰ ਕਾਰਡਧਾਰਕ ਨੇ ਧੋਖਾਧੜੀ ਵਾਲਾ ਕੰਮ ਕੀਤਾ ਹੋਵੇ ਜਾਂ ਉਚਿਤ ਕੇਅਰ ਤੋਂ ਬਿਨਾਂ ਕੰਮ ਕਰਦਾ ਹੈ। ਕਾਰਡਧਾਰਕ ਕਾਰਡ ਦੇ ਗੁੰਮ ਹੋਣ ਬਾਰੇ ਕੋਟਕ ਮਹਿੰਦਰਾ ਬੈਂਕ ਨੂੰ ਸੂਚਿਤ ਕਰਨ ਤੋਂ ਬਾਅਦ ਕਾਰਡ ਦੀ ਕਿਸੇ ਵੀ ਦੁਰਵਰਤੋਂ ਲਈ ਜੁਆਬਦੇਹ ਨਹੀਂ ਹੋਵੇਗਾ, ਜਦੋਂ ਤੱਕ ਕਾਰਡਧਾਰਕ ਨੇ ਵੱਡੀ ਲਾਪਰਵਾਹੀ ਵਾਲਾ ਕੰਮ ਨਾ ਕੀਤਾ ਹੋਵੇ।

## ਪ੍ਰਕਟੀਕਰਨ

ਕਾਰਡਧਾਰਕ ਮੰਨਦਾ ਹੈ ਕਿ ਵਰਤਮਾਨ ਬਿਜ਼ਨੈਸ ਅਭਿਆਸਾਂ ਦੇ ਅਨੁਸਾਰ, ਬੈਂਕ ਸਮੇਂ ਸਮੇਂ ਸਿਰ ਗਾਹਕ ਨੂੰ ਬਿਨਾਂ ਅਗੇਤਾ ਨੋਟਿਸ ਭੇਜਿਆਂ, ਕਿਸੇ ਵੀ ਕ੍ਰੈਡਿਟ ਬਿਊਰੋ (ਵਰਤਮਾਨ ਜਾਂ ਭਵਿੱਖ) ਨੂੰ, ਕ੍ਰੈਡਿਟ ਕਾਰਡ (ਕਾਰਡਾਂ) ਨਾਲ ਸੰਬੰਧਿਤ ਕਿਸੇ ਵੀ ਜਾਣਕਾਰੀ ਪ੍ਰਕਟ ਕਰਨ ਦਾ ਅਧਿਕਾਰ ਹੈ। ਕ੍ਰੈਡਿਟ ਇਨਫ਼ਾਰਮੇਸ਼ਨ ਬਿਊਰੋ ਇੰਡੀਆ ਲਿਮਟਿਡ (ਸੀਆਈਬੀਆਈਐਲ) ਅਤੇ ਹੋਰ ਕ੍ਰੈਡਿਟ ਬਿਊਰੋ ਭਾਰਤ ਸਰਕਾਰ ਅਤੇ ਭਾਰਤੀਯ ਰਿਜ਼ਰਵ ਬੈਂਕ ਵਿੱਤ ਪ੍ਰਣਾਲੀ ਦੀ ਕਾਰਗੁਜ਼ਾਰੀ ਅਤੇ ਸਥਿਰਤਾ ਨੂੰ ਸੁਧਾਰਨ ਲਈ ਇੱਕ ਪਹਿਲਕਦਮੀ ਹੈ। ਕਾਰਡ ਦੇ ਬਕਾਇਆ ਖ਼ਾਤਿਆਂ ਲਈ ਭੁਗਤਾਨ ਦੀ ਪ੍ਰਾਪਤੀ 'ਤੇ ਬੈਂਕ ਰਾਹੀਂ ਡੇਟੇ ਦੀ ਕੋਈ ਵੀ ਰਿਫ਼ਰੈਸ਼/ਅੱਪਡੇਸ਼ਨ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੀ ਅਵਧੀ ਅੰਦਰ ਸੀਆਈਬੀਆਈਐਲ/ਹੋਰ ਕ੍ਰੈਡਿਟ ਬਿਊਰੋ ਨੂੰ ਦਰਸਾਇਆ ਜਾਏਗਾ। ਅਸੀਂ ਕਾਰਡਧਾਰਕ ਨੂੰ ਇਹ ਵੀ ਸੂਚਿਤ ਕਰਨ ਦੀ ਇੱਛਾ ਰੱਖਦੇ ਹਾਂ ਕਿ ਬੈਂਕ, ਆਪਣੇ ਖ਼ੁਦ ਦੇ ਫ਼ੈਸਲੇ ਅਨੁਸਾਰ, ਕਾਰਡਧਾਰਕ ਅਤੇ ਬੈਂਕ ਦੇ ਪ੍ਰਤੀਨਿਧੀ ਵਿਚਕਾਰ ਵਿਸ਼ੇਸ਼ ਗੱਲਬਾਤ ਨੂੰ ਰਿਕਾਰਡ ਕਰੇਗਾ ਜਿਵੇਂ ਸ਼ਿਕਾਇਤ ਸੰਬੰਧੀ ਗੱਲਬਾਤ ਜਾਂ ਅਦਾਇਗੀਆਂ ਦੇ ਰਿਕਵਰ ਕਰਨ ਨਾਲ ਸੰਬੰਧਿਤ ਗੱਲਬਾਤ ਜਾਂ ਕੋਈ ਹੋਰ ਗੱਲਬਾਤ, ਜਿਸ ਨੂੰ ਬੈਂਕ ਢੁਕਵਾਂ ਸਮਝਦਾ ਹੋਵੇ।

CORP/30/03/2020